HM Revenue
& Customs

# ਟੈਕਸ ਜਾਂਚ ਤੱਥ ਪੱਤਰ

## ਕੀ ਬਦਲ ਰਿਹਾ ਹੈ

4 ਅਪ੍ਰੈਲ 2022 ਤੋਂ, ਪਹਿਲਾਂ ਤੋਂ ਮੌਜੂਦ ਲਾਇਸੈਂਸ ਦੇਣ ਵਾਲੀਆਂ ਸੰਸਥਾਵਾਂ ਦੇ ਚੈੱਕਾਂ ਵਿੱਚ ਇੱਕ ਛੋਟਾ ਜਿਹਾ ਵਾਧਾ ਹੋਵੇਗਾ। ਜਦੋਂ ਤੁਸੀਂ ਆਪਣੇ ਲਾਇਸੰਸ ਦਾ ਨਵੀਨੀਕਰਨ ਕਰਦੇ ਹੋ ਤਾਂ ਤੁਹਾਨੂੰ HM ਰੈਵੇਨਿਊ ਐਂਡ ਕਸਟਮਜ਼ (HMRC) ਨਾਲ ਟੈਕਸ ਜਾਂਚ ਨੂੰ ਪੂਰਾ ਕਰਨ ਦੀ ਲੋੜ ਪਵੇਗੀ:

- ਟੈਕਸੀਆਂ ਜਾਂ ਪ੍ਰਾਈਵੇਟ ਕਿਰਾਏ ਦੇ ਵਾਹਨ ਚਲਾਉਣ ਲਈ
- ਪ੍ਰਾਈਵੇਟ ਕਿਰਾਏ ਦੇ ਵਾਹਨਾਂ ਦੇ ਕਾਰੋਬਾਰ ਚਲਾਉਣ ਲਈ
- ਸਕ੍ਰੈਪ ਮੈਟਲ ਦਾ ਸੌਦਾ ਕਰਨ ਲਈ।

ਤਬਦੀਲੀਆਂ ਸਿਰਫ਼ ਇੰਗਲੈਂਡ ਅਤੇ ਵੇਲਜ਼ ਵਿੱਚ ਲਾਗੂ ਹੋਣਗੀਆਂ।

## ਤਬਦੀਲੀਆਂ ਤੁਹਾਨੂੰ ਕਿਵੇਂ ਪ੍ਰਭਾਵਿਤ ਕਰ ਸਕਦੀਆਂ ਹਨ

ਤੁਹਾਨੂੰ ਕੀ ਕਰਨ ਦੀ ਲੋੜ ਹੈ ਇਹ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਕੀ ਤੁਸੀਂ ਪਹਿਲੀ ਵਾਰ ਲਾਇਸੈਂਸ ਲਈ ਅਰਜ਼ੀ ਦੇ ਰਹੇ ਹੋ ਜਾਂ ਤੁਸੀਂ ਦੁਬਾਰਾ ਕੋਈ ਅਰਜ਼ੀ ਦੇ ਰਹੇ ਹੋ, ਜਿਵੇਂ ਕਿ ਲਾਇਸੈਂਸ ਦਾ ਨਵੀਨੀਕਰਨ ਕਰਨਾ।

**ਨਵਾਂ ਲਾਇਸੈਂਸ ਪ੍ਰਾਪਤ ਕਰਨਾ**: ਜੇਕਰ ਤੁਸੀਂ ਪਹਿਲੀ ਵਾਰ ਲਾਇਸੈਂਸ ਲਈ ਅਰਜ਼ੀ ਦੇ ਰਹੇ ਹੋ, ਤਾਂ ਤੁਹਾਨੂੰ ਟੈਕਸ ਜਾਂਚ ਨੂੰ ਪੂਰਾ ਕਰਨ ਦੀ ਲੋੜ ਨਹੀਂ ਹੋਵੇਗੀ। ਹਾਲਾਂਕਿ, ਲਾਇਸੈਂਸ ਦੇਣ ਵਾਲੀਆਂ ਸੰਸਥਾਵਾਂ ਤੁਹਾਨੂੰ HMRC ਮਾਰਗਦਰਸ਼ਨ ਨੂੰ ਪੜ੍ਹਨ ਲਈ ਕਹਿਣਗੀਆਂ ਕਿ ਤੁਹਾਨੂੰ ਭਵਿੱਖ ਵਿੱਚ ਟੈਕਸ ਲਈ ਸਹੀ ਤਰ੍ਹਾਂ ਰਜਿਸਟਰ ਹੋਣ ਲਈ ਕੀ ਕਰਨ ਦੀ ਲੋੜ ਹੈ ਅਤੇ ਤੁਹਾਨੂੰ ਇਹ ਪੁਸ਼ਟੀ ਕਰਨ ਦੀ ਲੋੜ ਹੋਵੇਗੀ ਕਿ ਤੁਸੀਂ ਅਜਿਹਾ ਕਰ ਲਿਆ ਹੈ

**ਲਾਇਸੈਂਸ ਦਾ ਨਵੀਨੀਕਰਨ**: 4 ਅਪ੍ਰੈਲ 2022 ਤੋਂ, ਜੇਕਰ ਤੁਸੀਂ ਕਿਸੇ ਵੱਖਰੀ ਲਾਇਸੈਂਸਿੰਗ ਸੰਸਥਾ ਦੇ ਅਧੀਨ ਅਗਲੇ ਲਾਇਸੈਂਸ ਲਈ ਨਵਿਆਉਣ ਜਾਂ ਅਪਲਾਈ ਕਰਦੇ ਹੋ, ਤਾਂ ਤੁਹਾਨੂੰ ਟੈਕਸ ਜਾਂਚ ਕਰਨੀ ਪਵੇਗੀ। ਤੁਸੀਂ ਇਹ ਇੱਕ ਡਿਜੀਟਲ ਸੇਵਾ ਦੁਆਰਾ ਔਨਲਾਈਨ ਕਰਨ ਦੇ ਯੋਗ ਹੋਵੋਗੇ।

## ਟੈਕਸ ਜਾਂਚ ਬਾਰੇ

ਤੁਸੀਂ ਆਪਣੇ ਸਰਕਾਰੀ ਗੇਟਵੇ ਖਾਤੇ ਰਾਹੀਂ, GOV.UK 'ਤੇ ਇਸ ਟੈਕਸ ਜਾਂਚ ਨੂੰ ਪੂਰਾ ਕਰਨ ਦੇ ਯੋਗ ਹੋਵੋਗੇ। ਤੁਹਾਨੂੰ HMRC ਨੂੰ ਇਹ ਦੱਸਣ ਲਈ ਸਿਰਫ਼ ਕੁਝ ਸਵਾਲਾਂ ਦੇ ਜਵਾਬ ਦੇਣ ਦੀ ਲੋੜ ਹੋਵੇਗੀ ਕਿ ਤੁਸੀਂ ਕੋਈ ਵੀ ਟੈਕਸ ਕਿਵੇਂ ਅਦਾ ਕਰਦੇ ਹੋ ਜੋ ਤੁਹਾਡੇ ਲਾਇਸੰਸਸ਼ੁਦਾ ਵਪਾਰ ਤੋਂ ਤੁਹਾਡੀ ਕਮਾਈ 'ਤੇ ਬਕਾਇਆ ਹੋ ਸਕਦਾ ਹੈ। ਜੇਕਰ ਤੁਹਾਡੇ ਕੋਲ ਪਹਿਲਾਂ ਹੀ ਸਰਕਾਰੀ ਗੇਟਵੇ ਖਾਤਾ ਨਹੀਂ ਹੈ, ਤਾਂ ਤੁਸੀਂ GOV.UK 'ਤੇ ਸਾਈਨ ਅੱਪ ਕਰ ਸਕਦੇ ਹੋ।

ਟੈਕਸ ਜਾਂਚ ਵਿੱਚ ਸਿਰਫ਼ ਕੁਝ ਮਿੰਟ ਲੱਗਣੇ ਚਾਹੀਦੇ ਹਨ। GOV.UK 'ਤੇ ਮਾਰਗਦਰਸ਼ਨ ਹੋਵੇਗਾ ਅਤੇ ਜਿਸ ਨੂੰ ਵੀ ਵਾਧੂ ਸਹਾਇਤਾ ਦੀ ਲੋੜ ਹੈ, ਉਹ HMRC ਦੀ ਗਾਹਕ ਹੈਲਪਲਾਈਨ ਰਾਹੀਂ ਫ਼ੋਨ ਰਾਹੀਂ ਟੈਕਸ ਜਾਂਚ ਨੂੰ ਪੂਰਾ ਕਰਨ ਦੇ ਯੋਗ ਹੋਵੇਗਾ।

ਜਦੋਂ ਤੁਸੀਂ ਟੈਕਸ ਜਾਂਚ ਨੂੰ ਪੂਰਾ ਕਰ ਲੈਂਦੇ ਹੋ, ਤਾਂ ਤੁਹਾਡੇ ਕੋਲ ਇਕ ਕੋਡ ਆਏਗਾ। ਤੁਹਾਨੂੰ ਇਹ ਕੋਡ ਆਪਣੀ ਲਾਇਸੰਸਿੰਗ ਸੰਸਥਾ ਨੂੰ ਦੇਣਾ ਚਾਹੀਦਾ ਹੈ। ਜਦੋਂ ਤੱਕ ਟੈਕਸ ਜਾਂਚ ਪੂਰੀ ਨਹੀਂ ਹੋ ਜਾਂਦੀ ਅਤੇ ਉਹਨਾਂ ਨੂੰ ਕੋਡ ਪ੍ਰਾਪਤ ਨਹੀਂ ਹੋ ਜਾਂਦਾ ਉਦੋਂ ਤੱਕ ਲਾਇਸੈਂਸ ਦੇਣ ਵਾਲੀ ਸੰਸਥਾ ਤੁਹਾਡੀ ਲਾਇਸੈਂਸ ਅਰਜ਼ੀ ਜਾਂ ਨਵਿਆਉਣ ਲਈ ਅੱਗੇ ਨਹੀਂ ਵਧ ਸਕਦੀ।

ਤੁਹਾਡੀ ਲਾਇਸੰਸਿੰਗ ਸੰਸਥਾ ਨੂੰ ਸਿਰਫ਼ HMRC ਤੋਂ ਪੁਸ਼ਟੀ ਮਿਲੇਗੀ ਕਿ ਤੁਸੀਂ ਟੈਕਸ ਜਾਂਚ ਪੂਰੀ ਕਰ ਲਈ ਹੈ, ਉਹਨਾਂ ਕੋਲ ਤੁਹਾਡੇ ਟੈਕਸ ਮਾਮਲਿਆਂ ਬਾਰੇ ਜਾਣਕਾਰੀ ਤੱਕ ਪਹੁੰਚ ਨਹੀਂ ਹੋਵੇਗੀ।

## ਤੁਹਾਨੂੰ ਕੀ ਕਰਨ ਦੀ ਲੋੜ ਹੈ

ਜੇਕਰ ਤੁਸੀਂ ਆਪਣੇ ਲਾਇਸੈਂਸਸ਼ੁਦਾ ਵਪਾਰ ਤੋਂ ਕਮਾਈ 'ਤੇ ਟੈਕਸ ਦਾ ਭੁਗਤਾਨ ਕਰਨ ਲਈ ਰਜਿਸਟਰ ਨਹੀਂ ਕੀਤਾ ਹੈ, ਤਾਂ ਕਿਰਪਾ ਕਰਕੇ ਇਹ ਦੇਖਣ ਲਈ GOV.UK ਦੀ ਵਰਤੋਂ ਕਰੋ ਕਿ ਕੀ ਤੁਹਾਨੂੰ ਜਿੰਨੀ ਜਲਦੀ ਹੋ ਸਕੇ ਰਜਿਸਟਰ ਕਰਨ ਦੀ ਲੋੜ ਹੈ।

- ਜੇਕਰ ਤੁਸੀਂ ਇੱਕ ਕਰਮਚਾਰੀ ਹੋ, ਤਾਂ www.gov.uk/income-tax/how-you-pay-income-tax 'ਤੇ PAYE ਬਾਰੇ ਜਾਣਕਾਰੀ ਪ੍ਰਾਪਤ ਕਰੋ।
- ਜੇਕਰ ਤੁਸੀਂ ਸਵੈ-ਰੁਜ਼ਗਾਰ ਵਾਲੇ ਹੋ, ਤਾਂ ਸਵੈ-ਮੁਲਾਂਕਣ ਲਈ ਰਜਿਸਟਰ ਕਰਨ ਬਾਰੇ ਜਾਣਕਾਰੀ www.gov.uk/register-for-self-assessment 'ਤੇ ਪ੍ਰਾਪਤ ਕਰੋ
- ਜੇਕਰ ਤੁਸੀਂ ਕਿਸੇ ਕੰਪਨੀ ਰਾਹੀਂ ਕੰਮ ਕਰਦੇ ਹੋ, ਤਾਂ ਕਾਰਪੋਰੇਸ਼ਨ ਟੈਕਸ ਬਾਰੇ ਜਾਣਕਾਰੀ www.gov.uk/corporation-tax 'ਤੇ ਪ੍ਰਾਪਤ ਕਰੋ

ਜੇਕਰ ਤੁਹਾਨੂੰ ਟੈਕਸ ਦਾ ਭੁਗਤਾਨ ਕਰਨ ਲਈ ਰਜਿਸਟਰ ਕੀਤਾ ਜਾਣਾ ਚਾਹੀਦਾ ਸੀ ਅਤੇ ਨਹੀਂ ਕੀਤਾ ਗਿਆ ਸੀ, ਤਾਂ HMRC ਤੁਹਾਨੂੰ ਸਹੀ ਰਸਤੇ 'ਤੇ ਵਾਪਸ ਲਿਆਉਣ ਲਈ ਤੁਰੰਤ ਅਤੇ ਪੇਸ਼ੇਵਰ ਤੌਰ 'ਤੇ ਤੁਹਾਡੇ ਨਾਲ ਕੰਮ ਕਰੇਗਾ। ਆਪਣੇ ਟੈਕਸ ਨੂੰ ਸਹੀ ਕਰਵਾਉਣਾ ਤੁਹਾਡੀ ਜ਼ਿੰਮੇਵਾਰੀ ਹੈ, ਪਰ HMRC ਮਦਦ ਲਈ ਇੱਥੇ ਹੈ।

ਜੇਕਰ ਤੁਹਾਨੂੰ ਵਾਧੂ ਸਹਾਇਤਾ ਦੀ ਲੋੜ ਹੋਵੇ ਤਾਂ ਤੁਸੀਂ HMRC ਤੋਂ ਮਦਦ ਲੈ ਸਕਦੇ ਹੋ, ਉਦਾਹਰਨ ਵਜੋਂ ਜੇਕਰ ਤੁਹਾਨੂੰ ਕਿਸੇ ਵੱਖਰੇ ਫਾਰਮੈਟ ਵਿੱਚ ਜਾਣਕਾਰੀ ਚਾਹੀਦੀ ਹੈ ਜਾਂ ਫਾਰਮ ਭਰਨ ਵਿੱਚ ਮਦਦ ਦੀ ਲੋੜ ਹੈ। GOV.UK 'ਤੇ ਜਾਓ ਅਤੇ 'ਜੇ ਤੁਹਾਨੂੰ ਵਾਧੂ ਸਹਾਇਤਾ ਦੀ ਲੋੜ ਹੈ ਤਾਂ HMRC ਤੋਂ ਮਦਦ ਪ੍ਰਾਪਤ ਕਰੋ' ਖੋਜੋ।

ਟੈਕਸ ਜਾਂਚ ਬਾਰੇ ਹੋਰ ਮਾਰਗਦਰਸ਼ਨ GOV.UK 'ਤੇ ਉਪਲਬਧ ਹੈ:
www.gov.uk/guidance/changes-for-taxi-private-hire-or-scrap-metal-licence-applications-from-april-2022